# ਰੋਜਾਨਾ ਕਰਾਇਮ ਰਿਪੋਰਟ ਮਿਤੀ 08.07.2024

| ਲੜੀ ਨੰ | ਥਾਣਾ | ਮੁਕੱਦਮਾ ਨੰਬਰ, ਮਿਤੀ ਅਤੇ ਜੁਰਮ | ਬਾਹੱਦ ਰਕਬਾ | ਮੁਦੱਈ ਦਾ ਨਾਮ ਪਤਾ | ਦੋਸ਼ੀ ਦਾ ਨਾਮ | ਗ੍ਰਿਫਤਾਰੀ | ਸੰਖੇਪ ਹਾਲਾਤ | ਬ੍ਰਾਮਦਗੀ | ਤਫਤੀਸ਼ੀ ਅਫਸਰ ਦਾ ਨਾਮ |
|---|---|---|---|---|---|---|---|---|---|
| 1 | ਕਬਰਵਾਲਾ | 70<br>ਮਿਤੀ 07/7/2024<br>ਅ/ਧ 324IPC ਥਾਣਾ | *ਬਾਹੱਦ ਕੋਲਿਆਂਵਾਲੀ* | ਗੁਰਮੀਤ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਪਿੰਡ ਕੋਲਿਆਵਾਲੀ | ਰਣਜੀਤ ਸਿੰਘ ਪੁੱਤਰ ਸੋਹਣ ਸਿੰਘ ਵਾਸੀ ਪਿੰਡ ਕੋਲਿਆਵਾਲੀ | ਬਰ ਜਮਾਨਤ ਰਿਹਾਅ | ਸੰਖੇਪ ਹਾਲਾਤ ਮੁੱਕਦਮਾ ਇਸ ਪ੍ਰਕਾਰ ਮਿਤੀ 30.06.2024 ਨੂੰ ਸਿਵਲ ਹਸਪਤਾਲ ਮਲੋਟ ਤੋ ਐਮ.ਐਲ .ਆਰ ਗੁਰਮੀਤ ਸਿੰਘ ਦੀ ਮੋਸੂਲ ਹੋਣ ਪਰ ਸ:ਥ: ਜੰਗ ਸਿੰਘ ਵੱਲੋ ਗੁਰਮੀਤ ਸਿੰਘ ਦਾ ਬਿਆਨ ਹਾਸਲ ਕਰਕੇ ਰਪਟ ਨਬਰ 18 ਮਿਤੀ 30.06.2024 ਦਰਜ ਰੋਜਨਾਮਚਾ ਕੀਤੀ ਅਤੇ ਸ:ਥ: ਜੰਗ ਸਿੰਘ ਵੱਲੋ ਨੇ ਆਪਣੀ ਕਾਰਵਾਈ ਵਿੱਚ ਗੁਰਮੀਤ ਸਿੰਘ ਵੱਲੋ ਆਪਣਾ ਬਿਆਨ ਵਧਾ ਚੜਾ ਕੇ ਲਿਖਾਇਆ ਜਾਪਦਾ ਲਿਖਿਆ ਸੀ ਜੋ ਅੱਜ ਮੁਖ ਅਫਸਰ ਥਾਣਾ ਵੱਲੋ ਬਾਅਦ ਤਸਦੀਕ ਕਰਕੇ ਬਰਖਿਲਾਫ ਰਣਜੀਤ ਸਿੰਘ ਪੁੱਤਰ ਸੋਹਣ ਸਿੰਘ ਵਾਸੀ ਪਿੰਡ ਕੋਲਿਆਵਾਲੀ ਦੇ ਉੱਕਤ ਮੁੱਕਦਮਾ ਦਰਜ ਰਜਿਸ਼ਟਰ ਕੀਤਾ ਗਿਆ । | -- | *SI ਰਣਜੀਤ ਸਿੰਘ* |
| 2 | ਲੰਬੀ | 103 ਮਿਤੀ 07.07.2024 ਅ/ਧ 106(1),281,125 BNS | ਪਿੰਡ ਬਲੋਚ ਕੇਰਾ ਤੋਂ ਪਿੰਡ ਸ਼ਾਮ ਗੇੜਾ ਵੱਲ | ਉਗਰਸੈਨ S/Oਨਰਸੀ ਰਾਮ S/O ਕਾਸ਼ੀ ਰਾਮ ਵਾਸੀ ਮਹਿਰਾਜਪੁਰ ਤਹਿ ਅਬੋਹਰ ਜਿਲਾ ਫਾਜਿਲਕਾ | ਜਸਵੰਤ ਸਿੰਘ ਪੁੱਤਰ ਜਗਸੀਰ ਸਿੰਘ ਵਾਸੀ ਪਿੰਡ ਚੰਨੂੰ | ਬਾਕੀ ਹੈ | ਮੁਦਈ ਨੇ ਬਿਆਨ ਕੀਤਾ ਕਿ ਅੱਜ ਮੈਂ ਝੋਨੇ ਦੀ ਪਨੀਰੀ ਦੇਖਣ ਲਈ ਬਲੋਚਕੇਰਾ ਆਇਆ ਸੀ ਤੇ ਮੇਰੇ ਪਿੱਛੇ ਕਵੀਸ਼ ਕੁਮਾਰ S/O ਮਨੋਹਰ ਲਾਲ ਵਾਸੀ ਸੀਤੋ ਢਾਣੀ ਜੋ ਮੇਰਾ ਰਿਸ਼ਤੇਦਾਰ ਹੈ ਆਪਣੇ ਮੋਟਰਸਾਈਕਲ ਮਾਰਕਾ ਸਪਲੈਂਡਰ ਨੰਬਰੀ PB-10-EF-2158 ਜਿਸ ਨੂੰ ਇਹ ਖੁਦ ਚਲਾ ਰਿਹਾ ਸੀ। ਮੇਰੇ ਪਾਸ ਆਇਆ ਤਾਂ ਮੈਂ ਇਸ ਪਿੱਛੇ ਬੈਠ ਕੇ ਪਿੰਡ ਬਲੋਚ ਕੇਰਾ ਤੋਂ ਪਿੰਡ ਸ਼ਾਮ ਗੇੜਾ ਵੱਲ ਜਾ ਰਹੇ ਸੀ ਤਾਂ ਜਦ ਅਸੀਂ ਪਿੰਡ ਤੋਂ ਕਰੀਬ 1/2 ਕਿਲੋਮੀਟਰ ਅੱਗੇ ਗਏ ਤਾਂ ਅਸੀਂ ਆਪਣੀ ਸਾਈਡ ਜਾ ਰਹੇ ਸੀ ਤਾਂ ਸਾਡੇ ਅੱਗੇ ਅੱਗੇ ਇੱਕ ਟਰੈਕਟਰ ਫੋਰਡ ਰੰਗ ਨੀਲਾ ਜਿਸ ਦੇ ਪਿੱਛੇ ਜਮੀਨ ਕੱਦੂ ਕਰਨ ਵਾਲੀ ਲੋਹੇ ਦੀ ਮਸ਼ੀਨ ਫਿੱਟ ਸੀ। ਜਿਸ ਨੂੰ ਕੋਈ ਨਾਮਲੂਮ ਵਿਅਕਤੀ ਚਲਾ ਰਿਹਾ ਸੀ ਉਸ ਵਕਤ ਮੈਂ ਟਰੈਕਟਰ ਦਾ ਨੰਬਰ ਨਹੀਂ ਪੜ੍ਹ ਸਕਿਆ ਜਿਸ ਨੇ ਇਕਦਮ ਐਡੀਕੇਟਰ ਅਤੇ ਇਸ਼ਾਰਾਂ ਕੀਤੇ ਬਿਨਾ ਤੇਜ਼ ਅਤੇ ਲਾਪਰਵਾਹੀ ਨਾਲ ਟਰੈਕਟਰ ਨੂੰ ਆਪਣੇ ਸੱਜੇ ਹੱਥ ਖੇਤ ਵਿੱਚ ਮੋੜ ਦਿੱਤਾ ਤਾਂ ਸਾਡਾ ਮੋਟਰਸਾਈਕਲ ਇਸ ਦੇ ਟਰੈਕਟਰ ਪਿੱਛੇ ਫਿੱਟ ਕੱਦੂ ਕਰਨ ਵਾਲੀ ਮਸ਼ੀਨ ਲੋਹਾ ਵਿੱਚ ਵੱਜਿਆ ਟਰੈਕਟਰ ਦੀ ਮਸ਼ੀਨ ਸਾਡੇ ਮੋਟਰਸਾਈਕਲ ਦੇ ਅਗਲੇ ਪਾਸੇ ਵੱਜ ਕੇ ਕਵੀਸ਼ ਕੁਮਾਰ ਉਕਤ ਦੀ ਛਾਤੀ ਵਿੱਚ ਵੱਜੀ ਤਾਂ ਸਾਡਾ ਮੋਟਰਸਾਈਕਲ ਅੱਗੇ ਕੱਚੀ ਜਗਾ ਵਿੱਚ ਡਿੱਗ ਪਿਆ ਡਿੱਗਣ ਕਾਰਨ ਮੇਰੇ ਵੀ ਗੰਭੀਰ ਸੱਟਾਂ ਲੱਗੀਆਂ ਅਤੇ ਕਵੀਸ਼ ਕੁਮਾਰ ਦੇ ਵੀ ਗੰਭੀਰ ਸੱਟਾਂ ਲੱਗੀਆਂ ਮੈਂ ਮੌਕਾ ਤੇ ਬੇਹੋਸ਼ ਹੋ ਗਿਆ ਸੀ। ਹੁਣ ਮੈਨੂੰ ਪਤਾ ਲੱਗਾ ਕਿ ਮੇਰੇ ਰਿਸ਼ਤੇਦਾਰ ਕੁਵੀਸ ਕੁਮਾਰ ਉਕਤ ਦੀ ਮੌਤ ਹੋ ਗਈ ਹੈ ਜਿਸ ਤੇ ਮੁਕੱਦਮਾ ਨੰਬਰ 103 ਮਿਤੀ 07.07.2024 ਅ/ਧ 106(1), 281,125 BNS ਥਾਣਾ ਲੰਬੀ ਬਰਖਿਲਾਫ ਨਾਮਲੂਮ ਦੇ ਦਰਜ ਕੀਤਾ ਗਿਆ | -- | ASI ਰਾਜਬੀਰ ਸਿੰਘ |

ਸਹੀ/-
ਇੰਚਾਰਜ ਪੀ.ਸੀ.ਆਰ
ਸ੍ਰੀ ਮੁਕਤਸਰ ਸਾਹਿਬ